# On safe return of ShriNidan Singh

July 18, 2020

……………………………………………………………………………………………

## ਸ਼੍ਰੀ ਨਿਦਾਨ ਸਿੰਘ ਦੀ ਸੁਰੱਖਿਅਤ ਵਾਪਸੀ ਬਾਰੇ

18 ਜੁਲਾਈ, 2020

ਅਫਗਾਨਿਸਤਾਨ ਦੇ ਹਿੰਦੂ ਅਤੇ ਸਿੱਖ ਭਾਈਚਾਰੇ ਦੇ ਆਗੂ ਨਿਦਾਨ ਸਿੰਘ ਸਚਦੇਵਾ, ਜਿਨ੍ਹਾਂ ਨੂੰ 22 ਜੂਨ, 2020 ਨੂੰ ਪਕਤੀਆ ਸੂਬੇ ਦੇ ਚਮਕਾਨੀ ਜ਼ਿਲ੍ਹੇ ਚੋਂ ਅਗਵਾ ਕਰ ਲਿਆ ਗਿਆ ਸੀ, ਨੂੰ ਅੱਜ ਕੈਦ ਤੋਂ ਰਿਹਾ ਕਰ ਦਿੱਤਾ ਗਿਆ।

ਅਸੀਂ ਅਫਗਾਨਿਸਤਾਨ ਦੀ ਸਰਕਾਰ ਅਤੇ ਇਸ ਖੇਤਰ ਦੇ ਕਬੀਲਾਈ ਬਜ਼ੁਰਗਾਂ ਦੀ ਸ਼ਲਾਘਾ ਕਰਦੇ ਹਾਂ, ਜਿਨ੍ਹਾਂ ਦੇ ਯਤਨਾਂ ਸਦਕਾ ਸ੍ਰੀ ਨਿਦਾਨ ਸਿੰਘ ਦੀ ਵਾਪਸੀ ਸੰਭਵ ਹੋਈ।

ਅੱਤਵਾਦੀਆਂ ਦੁਆਰਾ ਆਪਣੇ ਬਾਹਰੀ ਸਮਰਥਕਾਂ ਦੀ ਸ਼ਹਿ 'ਤੇ ਘੱਟਗਿਣਤੀ ਭਾਈਚਾਰੇ ਦੇ ਮੈਂਬਰਾਂ ਨੂੰ ਆਪਣਾ ਨਿਸ਼ਾਨਾ ਬਣਾਓਣਾ ਅਤੇ ਉਨ੍ਹਾਂ 'ਤੇ ਅਤਿਆਚਾਰ ਕਰਨਾ ਗੰਭੀਰ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ।

ਇੱਕ ਹਾਲੀਆ ਫੈਸਲੇ ਵਿਚ ਭਾਰਤ ਨੇ ਅਫਗਾਨੀ ਹਿੰਦੂ ਅਤੇ ਸਿੱਖ ਭਾਈਚਾਰੇ ਦੇ ਉਨ੍ਹਾਂ ਮੈਂਬਰਾਂ ਦੀ ਅਫਗਾਨਿਸਤਾਨ ਤੋਂ ਭਾਰਤ ਵਾਪਸੀ ਵਿਚ ਮਦਦ ਕਰਨ ਦਾ ਫੈਸਲਾ ਕੀਤਾ ਹੈ, ਜਿਨ੍ਹਾਂ ਦੀ ਸੁਰੱਖਿਆ ਨੂੰ ਖਤਰਾ ਹੈ।

ਨਵੀਂ ਦਿੱਲੀ
18 ਜੁਲਾਈ, 2020

DISCLAIMER : This is an approximate translation. The original is available in English on MEA’s website and may be referred to as the official press release